Personal Loan
Business Loan
Home Line of Credit
905-965-4644

ਲੇਡੀਜ਼ ਰੇਡੀਮੇਡ ਕਪੜੇ
ਖ਼ਰੀਦਣ ਲਈ ਕਾਲ ਕਰੋ
647-829-2454

ਦੰਦਾਂ ਦੀ ਦੇਖਭਾਲ
905-450-5600

12 Beds, 7 Baths
For 24 Guests
905-965-4644

Electrtic Brush
or Teeth Whitening
FREE ਮੁਫ਼ਤ
905-458-3344
With Teeth Cleaning &
New Patient Exam

ਦੰਦਾਂ ਦੀ ਦੇਖਭਾਲ
905-450-5600

ਇੰਡੀਅਨ ਵੀਜ਼ਾ
OCI & Passport
Renewal
514-389-7070

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਅਜੀਤ
AJIT WEEKLY
Division of 6178235 canada inc.

Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਨਿਊ ਜ਼ੀਲੈਂਡ ਨੇ ਨਾਗਰਿਕਤਾ ਅਰਜ਼ੀ ਫ਼ੀਸ ਵਧਾਈ

ਔਕਲੈਂਡ: ਨਿਊ ਜ਼ੀਲੈਂਡ ਦੀ ਨਾਗਰਿਕਤਾ ਲਈ ਅਰਜ਼ੀ ਦੇਣ ਦੀਆਂ ਫ਼ੀਸਾਂ 'ਚ 19.09% ਵਾਧਾ ਹੋਣ ਜਾ ਰਿਹਾ ਹੈ, ਡਿਪਾਰਟਮੈਂਟ ਔਫ਼ ਇੰਟਰਨਲ ਅਫ਼ੇਅਰਜ਼ ਨੇ ਇਸ ਦੀ ਘੋਸ਼ਣਾ ਕਰ ਦਿੱਤੀ ਹੈ। ਇੱਕ ਬਾਲਗ ਉਮਰ ਲਈ ਗ੍ਰੈਂਟ ਦੁਆਰਾ ਨਿਊ ਜ਼ੀਲੈਂਡ ਦੀ ਨਾਗਰਿਕਤਾ ਲਈ ਅਰਜ਼ੀ ਫ਼ੀਸ ਦੀ ਲਾਗਤ 470.20 ਡਾਲਰ ਤੋਂ ਵਧ ਕੇ 560 ਡਾਲਰ ਹੋ ਜਾਵੇਗੀ। 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਫ਼ੀਸ 235.10 ਡਾਲਰ ਤੋਂ ਵਧ ਕੇ 280 ਡਾਲਰ ਹੋ ਜਾਵੇਗੀ।

ਵੰਸ਼ ਦੁਆਰਾ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਫ਼ੀਸ 204.40 ਡਾਲਰ ਤੋਂ ਵਧ ਕੇ 243 ਡਾਲਰ ਹੋ ਜਾਵੇਗੀ। ਅੰਦਰੂਨੀ ਮਾਮਲਿਆਂ ਦੇ ਵਿਭਾਗ ਨੇ ਕਿਹਾ ਕਿ ਉਹ ਨਿਊ ਜ਼ੀਲੈਂਡ ਸਰਕਾਰ ਦੀ ਵੈੱਬਸਾਈਟ 'ਤੇ ਸਾਰੀਆਂ ਨਾਗਰਿਕਤਾ ਸੇਵਾਵਾਂ ਦੇ ਉਤਪਾਦਾਂ ਅਤੇ ਉਨ੍ਹਾਂ ਦੀਆਂ ਸੋਧੀਆਂ ਹੋਈਆਂ ਫ਼ੀਸਾਂ ਦੀ ਸੂਚੀ ਜਲਦੀ ਸਾਂਝੀ ਕਰੇਗਾ।

ਅਧਿਕਾਰੀਆਂ ਨੇ ਕਿਹਾ ਹੈ ਕਿ ਨਾਗਰਿਕਤਾ ਫ਼ੀਸਾਂ 'ਚ 22 ਸਾਲਾਂ ਤੋਂ ਕੋਈ ਬਦਲਾਅ ਨਹੀਂ ਕੀਤਾ ਗਿਆ ਸੀ, ਅਤੇ ਲਾਗਤ ਪੂਰੀ ਕਰਨ ਅਤੇ ਉੱਚ-ਗੁਣਵੱਤਾ ਵਾਲੀਆਂ ਸੇਵਾਵਾਂ ਬਣਾਈ ਰੱਖਣ ਵਾਸਤੇ ਇਹ ਕੀਤਾ ਜਾ ਰਿਹਾ ਹੈ। ਇਸ ਬਦਲਾਅ ਤੋਂ ਬਾਅਦ ਵੀ ਨਿਊ ਜ਼ੀਲੈਂਡ ਦੀ ਨਾਗਰਿਕਤਾ ਫ਼ੀਸ ਅੰਤਰਰਾਸ਼ਟਰੀ ਪੱਧਰ 'ਤੇ ਸਭ ਤੋਂ ਘੱਟ ਫ਼ੀਸਾਂ 'ਚੋਂ ਇੱਕ ਬਣੀ ਰਹੇਗੀ।

ਨਿਊ ਜ਼ੀਲੈਂਡ ਦੀ ਨਾਗਰਿਕਤਾ ਪ੍ਰਣਾਲੀ ਦਾ ਇਤਿਹਾਸ: ਨਿਊ ਜ਼ੀਲੈਂਡ 'ਚ ਨਾਗਰਿਕਤਾ ਦੀ ਧਾਰਨਾ ਸਮੇਂ ਦੇ ਨਾਲ ਬਦਲੀ ਹੈ ਜੋ ਕਿ ਬ੍ਰਿਟਿਸ਼ ਕਲੋਨੀ ਤੋਂ ਇੱਕ ਆਜ਼ਾਦ ਰਾਸ਼ਟਰ ਬਣਨ ਦੇ ਸਫ਼ਰ ਨੂੰ ਦਰਸਾਉਂਦੀ ਹੈ। 1948 ਤੋਂ ਪਹਿਲਾਂ ਬ੍ਰਿਟਿਸ਼ ਪਰਜਾ ਨਿਊ ਜ਼ੀਲੈਂਡ ਦੇ ਜ਼ਿਆਦਾਤਰ ਵਸਨੀਕ 1948 ਤੋਂ ਪਹਿਲਾਂ ਕਾਨੂੰਨੀ ਤੌਰ 'ਤੇ ਬ੍ਰਿਟਿਸ਼ ਪਰਜਾ ਮੰਨੇ ਜਾਂਦੇ ਸਨ। ਭਾਵੇਂ ਉਹ ਕਿੱਥੇ ਵੀ ਰਹਿੰਦੇ ਹੋਣ, ਉਹ ਸਾਰੇ ਬ੍ਰਿਟਿਸ਼ ਸਾਮਰਾਜ ਦੇ ਕਾਨੂੰਨ ਅਧੀਨ ਸਨ।



ਪਹਿਲਾ ਨਾਗਰਿਕਤਾ ਐਕਟ ਬ੍ਰਿਟਿਸ਼ ਨੈਸ਼ਨੈਲਿਟੀ ਅਤੇ ਨਿਊ ਜ਼ੀਲੈਂਡ ਸਿਟੀਜ਼ਨਸ਼ਿਪ ਐਕਟ 1948 ਦੇ ਜ਼ਰੀਏ, ਨਿਊ ਜ਼ੀਲੈਂਡ ਨੇ ਪਹਿਲੀ ਵਾਰ ਆਪਣੀ ਨਾਗਰਿਕਤਾ ਸਥਾਪਤ ਕੀਤੀ। ਇਸ ਐਕਟ ਨੇ ਨਿਊਜ਼ੀਲੈਂਡ ਦੇ ਨਾਗਰਿਕਾਂ ਨੂੰ ਇੱਕ ਵੱਖਰੀ ਪਛਾਣ ਦਿੱਤੀ, ਭਾਵੇਂ ਉਹ ਕਾਨੂੰਨੀ ਤੌਰ 'ਤੇ ਬ੍ਰਿਟਿਸ਼ ਪਰਜਾ ਵੀ ਬਣੇ ਰਹੇ।

ਆਧੁਨਿਕ ਨਾਗਰਿਕਤਾ ਕਾਨੂੰਨ ਸਿਟੀਜ਼ਨਸ਼ਿਪ ਐਕਟ 1977 ਨੇ ਨਿਊ ਜ਼ੀਲੈਂਡ ਦੀ ਨਾਗਰਿਕਤਾ ਦੀ ਵਿਵਸਥਾ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੱਤਾ। ਇਸ ਐਕਟ ਦੇ ਤਹਿਤ 1 ਜਨਵਰੀ 1983 ਤੋਂ ਨਿਊ ਜ਼ੀਲੈਂਡ ਦੇ ਨਾਗਰਿਕ ਹੁਣ ਕਾਨੂੰਨੀ ਤੌਰ 'ਤੇ ਬ੍ਰਿਟਿਸ਼ ਪਰਜਾ ਨਹੀਂ ਰਹੇ, ਅਤੇ ਉਨ੍ਹਾਂ ਦੀ ਪਛਾਣ ਪੂਰੀ ਤਰ੍ਹਾਂ ਨਿਊ ਜ਼ੀਲੈਂਡ ਦੇ ਨਾਗਰਿਕਾਂ ਵਜੋਂ ਸਥਾਪਿਤ ਹੋ ਗਈ। ਅੱਜ ਨਾਗਰਿਕਤਾ ਦੇ ਨਿਯਮ ਇਸੇ ਐਕਟ 'ਤੇ ਆਧਾਰਿਤ ਹਨ।

ਪਹਿਲਾ ਭਾਰਤੀ ਨਿਊ ਜ਼ੀਲੈਂਡ ਨਾਗਰਿਕ (ਵਿਦੇਸ਼ੀ ਜਨਮ): ਨਿਊ ਜ਼ੀਲੈਂਡ 'ਚ ਪਹਿਲੇ ਭਾਰਤੀ ਨੂੰ ਨਾਗਰਿਕਤਾ ਕਦੋਂ ਮਿਲੀ ਇਸ ਦਾ ਸਟੀਕ ਰਿਕਾਰਡ ਜਨਤਕ ਤੌਰ 'ਤੇ ਉਪਲਬਧ ਕਰਵਾਉਣਾ ਮੁਸ਼ਕਿਲ ਹੈ। ਭਾਰਤੀ ਪਰਵਾਸੀ 1948 ਦੇ ਐਕਟ ਤੋਂ ਪਹਿਲਾਂ ਵੀ ਨਿਊ ਜ਼ੀਲੈਂਡ 'ਚ ਸਨ ਅਤੇ ਨੈਚੁਰਲਾਈਜ਼ੇਸ਼ਨ ਦੁਆਰਾ ਬ੍ਰਿਟਿਸ਼ ਪਰਜਾ ਬਣ ਸਕਦੇ ਸਨ। ਹਾਲਾਂਕਿ ਜਦੋਂ ਸਿਟੀਜ਼ਨਸ਼ਿਪ ਐਕਟ 1948 ਲਾਗੂ ਹੋਇਆ ਤਾਂ ਉਹ ਸਾਰੇ ਭਾਰਤੀ ਜੋ ਪਹਿਲਾਂ ਹੀ ਨੈਚੁਰਲਾਈਜ਼ਡ ਬ੍ਰਿਟਿਸ਼ ਪਰਜਾ ਸਨ, ਆਪਣੇ ਆਪ ਨਿਊ ਜ਼ੀਲੈਂਡ ਦੇ ਨਾਗਰਿਕ ਬਣ ਗਏ।**ਕਿੰਨੇ ਭਾਰਤੀਆਂ ਨੂੰ ਮਿਲੀ ਹੈ ਨਾਗਰਿਕਤਾ ?** ਭਾਰਤੀ ਲਗਭਗ ਇੱਕ ਦਹਾਕੇ ਤੋਂ ਨਿਊ ਜ਼ੀਲੈਂਡ ਦੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਚੋਟੀ ਦੇ ਸਮੂਹਾਂ 'ਚੋਂ ਇੱਕ ਰਹੇ ਹਨ। ਭਾਰਤ 'ਚ ਜਨਮੇ ਲੋਕਾਂ ਨੂੰ ਮਿਲੀ ਨਾਗਰਿਕਤਾ ਦੇ ਅੰਕੜਿਆ ਅਨੁਸਾਰ 2024 'ਚ 5,777, 2023 ਦੇ 'ਚ 6,610 ਅਤੇ 2022 ਦੇ 'ਚ 8,168 ਹੈ।

ਦੰਦਾਂ ਦੀ ਸਫ਼ਾਈ
FREE ਮੁਫ਼ਤ
905-458-3344
With CDCP

ਮਰਦਾਨਾ ਕਮਜ਼ੋਰੀ
416-992-5489

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

12 Beds, 7 Baths
For 24 Guests
905-965-4644

Security Cameras
CCTV
Live Monitoring
647-863-9232

ਦੰਦਾਂ ਲਗਵਾਓ
FREE ਮੁਫ਼ਤ
905-458-3344
With CDCP

UK ਦੇ ਇਮੀਗ੍ਰੇਸ਼ਨ ਨਿਯਮਾਂ 'ਚ 50 ਸਾਲਾਂ ਦਾ ਸਭ ਤੋਂ ਵੱਡਾ ਬਦਲਾਅ

ਲੰਡਨ: ਬ੍ਰਿਟੇਨ ਦੀ ਕੀਅਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਸਿਸਟਮ 'ਚ ਵੱਡੇ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਬਦਲਾਵਾਂ ਨੂੰ ਲਗਭਗ 50 ਸਾਲਾਂ 'ਚ ਲੀਗਲ ਮਾਈਗ੍ਰੇਸ਼ਨ ਮੌਡਲ 'ਚ ਸਭ ਤੋਂ ਵੱਡਾ ਅਤੇ ਸਭ ਤੋਂ ਅਹਿਮ ਬਦਲਾਅ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਸੁਧਾਰ ਹਾਲ ਹੀ ਦੇ ਸਾਲਾਂ 'ਚ UK ਆਏ ਲੋਕਾਂ ਦੀ ਵਿਸ਼ਾਲ ਸੰਖਿਆ ਦੇ ਮੱਦੇਨਜ਼ਰ ਕੀਤੇ ਗਏ ਹਨ। ਨਿਯਮਾਂ 'ਚ ਕੀਤੇ ਗਏ ਮੁੱਖ ਬਦਲਾਅ ਅਸੀਂ ਇੱਥੇ ਦੇ ਰਹੇ ਹਾਂ।

ਸੈਟਲਮੈਂਟ ਦੀ ਉਡੀਕ ਦੁੱਗਣੀ ਭਾਵ 10 ਸਾਲ: ਪਰਵਾਸੀਆਂ ਲਈ UK 'ਚ ਹਮੇਸ਼ਾ ਲਈ ਰਹਿਣ (ਅਨਿਸ਼ਚਿਤ ਸਮੇਂ ਲਈ ਰਹਿਣ ਦੀ ਇਜਾਜ਼ਤ ਜਾਂ ਸੈਟਲਮੈਂਟ) ਲਈ ਅਰਜ਼ੀ ਦੇਣ ਤੋਂ ਪਹਿਲਾਂ ਲੱਗਣ ਵਾਲਾ ਸਮਾਂ ਦੁੱਗਣਾ ਕਰ ਦਿੱਤਾ ਗਿਆ ਹੈ। ਹੁਣ ਮਾਈਗ੍ਰੈਂਟਸ ਨੂੰ ਸੈਟਲਮੈਂਟ ਲਈ ਐਪਲਾਈ ਕਰਨ ਤੋਂ ਪਹਿਲਾਂ 10 ਸਾਲ ਲੱਗਣਗੇ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਨਵਾਂ **Earned Settlement Model** ਪੇਸ਼ ਕੀਤਾ ਹੈ। ਸ਼ਬਾਨਾ ਮਹਿਮੂਦ ਨੇ ਕਿਹਾ ਹੈ, "ਇਸ ਦੇਸ਼ 'ਚ ਹਮੇਸ਼ਾ ਲਈ ਵਸ ਜਾਣਾ ਕੋਈ ਆਮ ਗੱਲ ਨਹੀਂ ਬਲਕਿ ਇੱਕ ਖ਼ਾਸ ਅਧਿਕਾਰ ਹੈ, ਅਤੇ ਕਿਸੇ ਨੂੰ ਵੀ ਇਸ ਹੱਕ ਨੂੰ ਕਮਾਉਣਾ ਪਵੇਗਾ।"

ਸਿਰਫ਼ ਨਾਗਰਿਕਾਂ ਨੂੰ ਮਿਲਣਗੇ ਲਾਭ: ਨਵੇਂ ਪ੍ਰਸਤਾਵਾਂ ਤਹਿਤ ਸਮਾਜਕ ਰਿਹਾਇਸ਼ੀ ਅਤੇ ਹੋਰ ਪਬਲਿਕ ਫ਼ੰਡਿੰਗ ਸਿਰਫ਼ ਉਨ੍ਹਾਂ ਲੋਕਾਂ ਤਕ ਸੀਮਿਤ ਕਰ ਦਿੱਤੇ ਗਏ ਹਨ ਜੋ ਬ੍ਰਿਟਿਸ਼ ਨਾਗਰਿਕ ਬਣਦੇ ਹਨ। ਮੌਜੂਦਾ ਸਿਸਟਮ ਦੇ ਉਲਟ ਹੁਣ ਸਿਰਫ਼

ਸੈਟਲਮੈਂਟ ਮਿਲਣ 'ਤੇ ਹੀ ਪਰਵਾਸੀਆਂ ਨੂੰ ਪਬਲਿਕ ਫ਼ੰਡਾਂ ਤਕ ਤੁਰੰਤ ਪਹੁੰਚ ਜਾਂ ਲਾਭ ਨਹੀਂ ਮਿਲਣਗੇ।

ਪਬਲਿਕ ਫ਼ੰਡਾਂ ਤਕ ਪਹੁੰਚ ਸਿਰਫ਼ ਨਾਗਰਿਕਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਮਿਲੇਗੀ ਜਿਸ ਲਈ ਬ੍ਰਿਟਿਸ਼ 'ਚ ਲਾਈਫ਼ ਟੈੱਸਟ ਪਾਸ ਕਰਨਾ ਤੇ ਵਾਧੂ ਫ਼ੀਸ ਦੇਣੀ ਜ਼ਰੂਰੀ ਹੋਵੇਗੀ।

ਹੈੱਲਥ ਕੇਅਰ ਅਤੇ ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ ਅਸਰ: ਹੈੱਲਥ ਅਤੇ ਸੋਸ਼ਲ ਕੇਅਰ ਵਰਕਰਾਂ ਲਈ ਸੈਟਲਮੈਂਟ ਦੀ ਬੇਸਲਾਈਨ ਮਿਆਦ 15 ਸਾਲ ਹੋਵੇਗੀ। ਗ਼ੈਰ-ਕਾਨੂੰਨੀ ਪਰਵਾਸੀ ਅਤੇ ਉਹ ਲੋਕ ਜੋ ਤੈਅ ਸਮੇਂ ਤੋਂ ਵੱਧ ਸਮੇਂ ਤਕ ਦੇਸ਼ 'ਚ ਰਹਿੰਦੇ ਹਨ, ਉਨ੍ਹਾਂ ਨੂੰ ਸੈਟਲਮੈਂਟ ਲਈ 30 ਸਾਲਾਂ ਤਕ ਉਡੀਕ ਕਰਨੀ ਪਵੇਗੀ। ਇਸ ਨਾਲ ਉਨ੍ਹਾਂ ਦੀ ਲੰਬੇ ਸਮੇਂ ਤਕ ਰਹਿਣ ਦੀ ਸੰਭਾਵਨਾ ਖ਼ਤਮ ਹੋ ਜਾਵੇਗੀ।

ਭਾਰਤੀਆਂ ਸਮੇਤ 20 ਲੱਖ ਪ੍ਰਭਾਵਿਤ: ਇਹ ਸਖ਼ਤ ਨਿਯਮ ਉਨ੍ਹਾਂ ਕਰੀਬ 20 ਲੱਖ ਪਰਵਾਸੀਆਂ 'ਤੇ ਲਾਗੂ ਹੋਣਗੇ ਜੋ 2021 ਤੋਂ ਬਾਅਦ UK 'ਚ ਆਏ ਹਨ ਅਤੇ ਓਦੋਂ ਤਕ ਲਾਗੂ ਰਹਿਣਗੇ ਜਦੋਂ ਤਕ ਕਿ ਉਨ੍ਹਾਂ ਨੂੰ ਛੋਟ ਨਾ ਮਿਲ ਜਾਵੇ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਉਨ੍ਹਾਂ 16 ਲੱਖ ਪਰਵਾਸੀਆਂ ਨੂੰ ਪ੍ਰਬੰਧਿਤ ਕਰਨ ਲਈ ਜ਼ਰੂਰੀ ਹੈ ਜੋ 2030 ਤਕ ਸੈਟਲਮੈਂਟ ਲਈ ਯੋਗ ਹੋ ਜਾਣਗੇ।

ਯੌਰਪ ਦਾ ਸਭ ਤੋਂ ਸਖ਼ਤ ਸਿਸਟਮ: ਗ੍ਰਹਿ ਦਫ਼ਤਰ ਦਾ ਕਹਿਣਾ ਹੈ ਕਿ ਇਸ ਬਦਲਾਅ ਦਾ ਮਕਸਦ ਇੱਕ ਅਜਿਹਾ ਨਿਯੰਤਰਿਤ ਅਤੇ ਚੋਣਵਾਂ ਸਿਸਟਮ ਬਣਾਉਣਾ ਹੈ ਜੋ ਯੌਰਪ 'ਚ ਸਭ ਤੋਂ ਸਖ਼ਤ ਹੋਵੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਬ੍ਰਿਟੇਨ ਸਰਕਾਰ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਦੇ ਸਖ਼ਤ ਵੀਜ਼ਾ ਅਤੇ ਇਮੀਗ੍ਰੇਸ਼ਨ ਨਿਯਮਾਂ ਦੇ ਰਾਹ 'ਤੇ ਚੱਲਦੀ ਨਜ਼ਰ آ ਰਹੀ ਹੈ।

ਬੈੱਡ ਬਗ਼ਜ਼ (ਖਟਮਲ) ਖ਼ਤਮ
647-688-3944

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਲੀਗਲ ਸੇਵਾਵਾਂ
905-913-2355

ਜਾਦੂ ਟੂਣੇ ਦੀ ਕਾਟ
1-604-961-6635

ਵਕੀਲ ਦੀ ਲੋੜ ?
905-362-0755

ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ
416-277-9742

ਦੰਦਾਂ ਦੀ ਦੇਖਭਾਲ
905-450-5600

ਬੈੱਡ ਬਗ਼ਜ਼ (ਖਟਮਲ) ਖ਼ਤਮ
647-688-3944

ਪਹਿਲੇ ਸਫ਼ੇ ਦੀ ਬਾਕੀ

Canada ਦੇ ਸਖ਼ਤ Immigration ਨਿਯਮਾਂ....

50 ਹਜ਼ਾਰ ਅਰਜ਼ੀਆਂ ਅਟਕੀਆਂ ਪਈਆਂ ਹਨ। ਕੈਨੇਡੀਅਨ ਨਾਗਰਿਕਤਾ ਦੇ 3.59 ਲੱਖ ਤੋਂ ਵੱਧ ਕੇਸ ਵੀ ਲਾਈਨ 'ਚ ਹਨ ਹਾਲਾਂਕਿ 80% ਨੂੰ ਸਮੇਂ 'ਤੇ ਨਿਪਟਾਉਣ ਦੀ ਉਮੀਦ ਹੈ।

ਬਦਲਦੀਆਂ ਨੀਤੀਆਂ ਨਾਲ ਵਧਿਆ ਤਨਾਅ: ਵੀਜ਼ਾ ਨੀਤੀਆਂ 'ਚ ਸਖ਼ਤੀ, ਮਲਟੀਪਲ-ਐਂਟਰੀ ਦੀ ਕਟੌਤੀ ਅਤੇ ਰਿਕਾਰਡ ਪੈਂਡਿੰਗ ਕਰ ਕੇ ਭਾਰਤੀ - ਖ਼ਾਸ ਤੌਰ 'ਤੇ ਪੰਜਾਬੀ - ਪਰਿਵਾਰ ਬਹੁਤ ਪਰੇਸ਼ਾਨ ਹਨ। ਜਿਨ੍ਹਾਂ ਦੇ ਬੱਚੇ ਹਜ਼ਾਰਾਂ ਕਿਲੋਮੀਟਰ ਦੂਰ ਕੈਨੇਡਾ 'ਚ ਰਹਿ ਰਹੇ ਹਨ, ਉਹ ਹੁਣ ਹਰ ਯਾਤਰਾ ਲਈ ਲੰਮੇ ਇੰਤਜ਼ਾਰ ਅਤੇ ਔਖੀਆਂ ਕਾਰਵਾਈਆਂ ਦਾ ਸਾਹਮਣਾ ਕਰ ਰਹੇ ਹਨ।

ਇਹ ਜਾਣਕਾਰੀ ਤੁਹਾਡੇ ਤਕ Global Village Immigration Solutions ਦੇ 35® ਹਰਮਨਜੋਤ ਸੋਢੀ ਵਲੋਂ ਪੇਸ਼ ਕੀਤੀ ਗਈ ਹੈ ਜੋ ਪਿੱਛਲੇ 23 ਸਾਲਾਂ ਤੋਂ ਕੈਨੇਡਾ 'ਚ ਇਮੀਗ੍ਰੇਸ਼ਨ ਦੀਆਂ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਹੋਮ ਕੇਅਰ ਵਰਕਰ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ 31 ਮਾਰਚ 2026 ਨੂੰ ਸ਼ੁਰੂ ਹੋ ਰਿਹਾ ਹੈ। ਜੇ ਤੁਸੀਂ ਕੈਨੇਡਾ ਦੀ PR ਜਲਦੀ ਕਰੋ ਕਿਉਂਕਿ ਸਿਰਫ਼ 5,500 ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। 31 ਮਾਰਚ 2025 ਦਾ ਕੋਟਾ ਪ੍ਰੋਗਰਾਮ ਖੁੱਲ੍ਹਣ 'ਤੇ ਸਿਰਫ਼ ਦੋ ਘੰਟਿਆਂ 'ਚ ਖ਼ਤਮ ਹੋ ਗਿਆ ਸੀ। ਕੀ ਤੁਸੀਂ ਕੈਨੇਡਾ 'ਚ ਵਿਜ਼ਟਰ ਵੀਜ਼ਾ ਜਾਂ ਸਟੱਡੀ ਪਰਮਿਟ 'ਤੇ ਹੋ? ਤੁਸੀਂ ਵੀ ਇਸ ਆਸਾਨ ਪਰਮਾਨੈਂਟ ਰੈਜ਼ੀਡੈਂਸੀ ਪ੍ਰੋਗਰਾਮ ਤਹਿਤ ਅਰਜ਼ੀ ਦੇ ਸਕਦੇ ਹੋ। ਸਾਨੂੰ ਪੁੱਛੋ ਕਿਵੇਂ। ਸਿਰਫ਼ ਵਰਕ ਪਰਮਿਟ ਵਾਲੇ ਲੋਕਾਂ ਨੂੰ ਹੀ ਆਪਣੀ ਸਥਾਈ ਨਿਵਾਸ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਹੈ, ਪਰ ਜੇਕਰ ਉਨ੍ਹਾਂ ਕੋਲ ਕਲੋਜ਼ਡ ਜਾਂ ਓਪਨਾ ਵਰਕ ਪਰਮਿਟ, ਜੀਵਨ ਸਾਥੀ ਓਪਨ ਵਰਕ ਪਰਮਿਟ, ਵਲਨਰੇਬਲ ਵਰਕ ਪਰਮਿਟ, PGWP ਜਾਂ ਉਨ੍ਹਾਂ ਦਾ ਸਟੇਟੱਲ ਖ਼ਤਮ ਹੋ ਚੁੱਕਾ ਹੈ ਅਤੇ ਉਹ ਘੱਟੋ-ਘੱਟ 12ਵੀਂ ਪਾਸ ਹਨ ਜਾਂ ਉਹ PSW, ਬਜ਼ੁਰਗਾਂ ਦੀ ਦੇਖਭਾਲ ਵਰਗੀਆਂ ਸੇਵਾਵਾਂ ਲਈ ਲੋੜੀਂਦੀ ਸਿੱਖਿਆ ਪ੍ਰਾਪਤ ਹਨ। ਵਧੇਰੇ ਜਾਣਕਾਰੀ ਲਈ ੧-੪੧੬-੮੪੮-੩੯੩੦ 'ਤੇ ਫ਼ੋਨ ਕਰ ਸਕਦੇ ਹੋ।

****

Ontario ਦੇ ਪੰਜਾਬੀ Trucker ਨੂੰ ਕੋਕੇਨ ਤਸਕਰੀ ਲਈ ਛੇ ਸਾਲ ਦੀ ਸਜ਼ਾ

ਦੋਵਾਂ ਵਿਅਕਤੀਆਂ ਦੇ ਨਾਮ ਪਿਛਲੀ ਪਤਝੜ 'ਚ 53 ਪੰਨਿਆਂ ਦੇ ਇੱਕ ਗ੍ਰੈਂਡ ਜਿਊਰੀ ਦੋਸ਼ ਪੱਤਰ 'ਚ ਸ਼ਾਮਿਲ ਕੀਤੇ ਗਏ ਸਨ ਜਿਸ 'ਚ 44 ਸਾਲਾ Wedding ਨੂੰ ਇੱਕ ਕਾਤਲ, ਅੰਤਰਰਾਸ਼ਟਰੀ ਅਪਰਾਧਕ ਰਿੰਗ ਦੇ ਨੇਤਾ ਵਜੋਂ ਨਾਮਜ਼ਦ ਕੀਤਾ ਗਿਆ ਸੀ। ਅਮਰੀਕੀ ਨਿਆਂ ਵਿਭਾਗ ਨੇ ਪਿਛਲੇ ਹਫ਼ਤੇ ਹੋਰ ਦੋਸ਼ਾਂ ਦਾ ਵੀ ਐਲਾਨ ਕੀਤਾ ਕਿਉਂਕਿ ਸਾਬਕਾ ਓਲੰਪੀਅਨ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਲਈ ਇਨਾਮ ਵਧਾ ਕੇ 15 ਮਿਲੀਅਨ US ਡਾਲਰ ਕਰ ਦਿੱਤਾ ਗਿਆ ਸੀ। Wedding, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਮੈਕਸੀਕੋ 'ਚ ਲੁਕਿਆ ਹੋਇਐ, 629 ਦੇ 10 ਸਭ ਤੋਂ ਵੱਧ ਲੋੜੀਂਦੇ ਭਗੌੜਿਆਂ 'ਚੋਂ ਇੱਕ ਹੈ, ਅਤੇ ਉਸ 'ਤੇ Canada ਦਾ ਸਭ ਤੋਂ ਵੱਡਾ ਕੋਕੇਨ ਆਯਾਤਕ ਹੋਣ ਦਾ ਦੋਸ਼ ਹੈ।

ਪਿਛਲੇ ਹਫ਼ਤੇ ਖੁੱਲ੍ਹੇ ਇੱਕ ਨਵੇਂ ਦੋਸ਼ ਪੱਤਰ ਅਨੁਸਾਰ, Wedding ਦੇ ਨੈੱਟਵਰਕ ਨੇ ਮੈਕਸੀਕਨ ਡਰੱਗ ਕਾਰਟੈਲਾਂ ਨਾਲ ਮਿਲ ਕੇ ਕੋਲੰਬੀਆ ਤੋਂ ਮੈਕਸੀਕੋ 'ਚ ਸੈਂਕੜੇ ਕਿਲੋਗ੍ਰਾਮ ਕੋਕੇਨ ਇੱਕ ਵਾਰ 'ਚ ਲਿਜਾਣ ਲਈ ਕਿਸ਼ਤੀਆਂ ਅਤੇ ਜਹਾਜ਼ਾਂ ਦੀ ਵਰਤੋਂ ਕੀਤੀ। ਫ਼ਿਰ ਇਹ ਸਮੂਹ *1 ਖੇਤਰ ਤੋਂ ਨਸ਼ੀਲੇ ਪਦਾਰਥਾਂ ਨੂੰ ਅੱਗੇ ਲਿਜਾਣ ਲਈ ਟਰੱਕਰਾਂ ਨੂੰ ਹਾਇਰ